# 2024-25 ਦੇ ਲਈ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 150 ਰੁਪਏ ਪ੍ਰਤੀ ਕੁਇੰਟਲ ਵਧਿਆ

## ਮਸਰ ਦੇ ਸਮਰਥਨ ਮੁੱਲ ਵਿੱਚ 425 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ

ਭਾਰਤ ਸਰਕਾਰ ਨੇ 2024-25 ਹਾੜ੍ਹੀ ਮੰਡੀਕਰਣ ਸਾਲ (ਅਪ੍ਰੈਲ-ਮਾਰਚ) ਦੇ ਲਈ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 150 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਦਾ ਐਲਾਨ ਕੀਤਾ ਹੈ। ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਦੀਆਂ ਸਿਫ਼ਾਰਿਸ਼ਾਂ ਨੂੰ ਮੰਨਦਿਆਂ, ਭਾਰਤੀ ਕੈਬਨਿਟ ਨੇ ਕਣਕ ਅਤੇ ਪੰਜ ਹੋਰ ਹਾੜ੍ਹੀ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਦਾ ਐਲਾਨ ਮੰਗਲਵਾਰ (18 ਅਕਤੂਬਰ, 2023) ਨੂੰ ਕੀਤਾ।

ਆਉਣ ਵਾਲੇ ਮੰਡੀਕਰਣ ਸਾਲ ਦੇ ਲਈ ਕਣਕ ਦਾ ਸਮਰਥਨ ਮੁੱਲ 2,275 ਰੁਪਏ ਪ੍ਰਤੀ ਕੁਇੰਟਲ ਹੈ ਜਿਹੜਾ ਕਿ 2023-24 ਵਿੱਚ 2,125 ਰੁਪਏ ਪ੍ਰਤੀ ਕੁਇੰਟਲ ਸੀ। ਪਿਛਲੇ ਸਾਲ ਤੋਂ ਕਣਕ ਦਾ ਸਮਰਥਨ ਮੁੱਲ 7.05 ਫ਼ੀਸਦੀ ਵਧਾਇਆ ਗਿਆ ਹੈ। ਜੌਂ ਦਾ ਸਮਰਥਨ ਮੁੱਲ 115 ਰੁਪਏ ਪ੍ਰਤੀ ਕੁਇੰਟਲ (ਕਰੀਬ 6.62 ਫ਼ੀਸਦੀ) ਵਧਾਇਆ ਗਿਆ ਹੈ।

ਦਾਲਾਂ ਅਤੇ ਤੇਲ ਬੀਜਾਂ ਦਾ ਸਮਰਥਨ ਮੁੱਲ ਸਭ ਤੋਂ ਵੱਧ ਵਧਾਉਣ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਮਸਰ ਦਾ ਘੱਟੋ-ਘੱਟ ਸਮਰਥਨ ਮੁੱਲ 425 ਰੁਪਏ ਪ੍ਰਤੀ ਕੁਇੰਟਲ (ਕਰੀਬ 7.08 ਫ਼ੀਸਦੀ), ਸਰ੍ਹੋਂ ਅਤੇ ਤਾਰਾਮੀਰਾ ਦਾ ਘੱਟੋ-ਘੱਟ ਸਮਰਥਨ ਮੁੱਲ 200 ਰੁਪਏ ਪ੍ਰਤੀ ਕੁਇੰਟਲ (ਕਰੀਬ 3.66 ਫ਼ੀਸਦੀ) ਅਤੇ ਛੋਲਿਆਂ ਦਾ ਮੁੱਲ 105 ਰੁਪਏ ਪ੍ਰਤੀ ਕੁਇੰਟਲ (ਕਰੀਬ 1.96 ਫ਼ੀਸਦੀ) ਵਧਾਇਆ ਗਿਆ ਹੈ। ਪਿਛਲੇ ਸਾਲ ਦੇ ਮੁਕਾਬਲੇ, ਕੁਸੰਭਾ ਦੇ ਮੁੱਲ ਵਿੱਚ 150 ਰੁਪਏ ਪ੍ਰਤੀ ਕੁਇੰਟਲ (ਕਰੀਬ 2.65 ਫ਼ੀਸਦੀ) ਦਾ ਵਾਧਾ ਕੀਤਾ ਗਿਆ ਹੈ।

**2024-25 ਹਾੜ੍ਹੀ ਮੌਸਮ ਦੌਰਾਨ ਸਰਕਾਰੀ ਖ਼ਰੀਦ ਲਈ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| ਫ਼ਸਲ | 2024-25 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ) | 2023-24 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ) | ਵਾਧਾ (ਰੁਪਏ/ਕੁਇੰਟਲ) | ਵਾਧਾ ਫੀਸਦੀ ਵਿੱਚ |
|---|---|---|---|---|
| ਕਣਕ | 2,275 | 2,125 | 150 | 7.05% |
| ਜੌਂ | 1,850 | 1,735 | 115 | 6.62% |
| ਛੋਲੇ | 5,440 | 5,335 | 105 | 1.96% |
| ਮਸਰ | 6,425 | 6,000 | 425 | 7.08% |
| ਸਰ੍ਹੋਂ ਅਤੇ ਤਾਰਾਮੀਰਾ | 5,650 | 5,450 | 200 | 3.66% |
| ਕੁਸੰਭਾ | 5,800 | 5,650 | 150 | 2.65% |